# ਸ਼ੇਖ ਫ਼ਰੀਦ - ਸਬਦ ੧੨੪

## ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥

## ਸਲੋਕ, ਗੁਰੂ ਅਮਰਦਾਸ, ਗੁਰੂ ਗ੍ਰੰਥ ਸਾਹਿਬ, ੧੩੮੪

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥

ਸਾਰ: ਤੁਲਨਾ ਕਰਕੇ ਹੋਰਨਾਂ ਦੀ ਨਕਲ ਕਰਨ ਦਾ ਜਾਲ ਉਸ ਯਾਤਰੀ ਵਾਂਗ ਹੈ ਜੋ ਹਰ ਵੇਲੇ ਆਪਣਾ ਰਸਤਾ ਇਸ ਲਈ ਬਦਲਦਾ ਰਹਿੰਦਾ ਹੈ ਕਿਉਂਕਿ ਹੋਰਾਂ ਦਾ ਸਫਰ ਉਸਨੂੰ ਆਸਾਨ ਦਿੱਸਦਾ ਹੈ। ਇਸ ਤਰ੍ਹਾਂ ਉਹ ਹੋਰਨਾਂ ਦੇ ਰਸਤੇ ‘ਤੇ ਧਿਆਨ ਧਰਦਾ ਹੋਇਆ ਆਪਣੀ ਖੁਦ ਦੀ ਮੰਜ਼ਿਲ ਹੀ ਭੁੱਲ ਜਾਂਦਾ ਹੈ। ਅਸਲ ਸਮੱਸਿਆ ਆਪਣੀ ਯਾਤਰਾ ਛੱਡਣ ਵਿਚ ਨਹੀਂ, ਬਲਕਿ ਬਿਨਾਂ ਸੋਚੇ ਸਮਝੇ ਹੋਰਨਾਂ ਦੇ ਰਸਤੇ ਉਪਰ ਚੱਲਣ ਵਿਚ ਹੈ, ਅਜਿਹਾ ਕਰਦਿਆਂ ਕੋਈ ਆਪਣੇ ਹੀ ਅਨੁਭਵ ਅਤੇ ਸੰਪੂਰਨਤਾ ਤੱਕ ਪਹੁੰਚਣ ਦੇ ਮੌਕੇ ਗਵਾ ਸਕਦਾ ਹੈ।

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥
ਹੰਸ ਨੂੰ ਆਸਾਨੀ ਨਾਲ ਤਰਦਾ ਦੇਖ ਕੇ ਬਗਲੇ ਦੇ ਅੰਦਰ ਵੀ ਇੱਛਾ ਜਾਗ ਪਈ। ਇਹ ਭਾਵ ਤੁਲਨਾ ਕਰਦਿਆਂ ਨਕਲ ਕਰਨ ਦੇ ਖਤਰੇ ਨੂੰ ਦਰਸਾਉਂਦਾ ਹੈ, ਜਿਥੇ ਅਸੀਂ ਬਾਹਰੀ ਸਫਲਤਾ ਨੂੰ ਅੰਤਰੀਵੀ ਸਮਰਥਾ ਸਮਝ ਬੈਠਦੇ ਹਾਂ।

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥
ਬੇਬਸ ਬਗਲਾ ਬੁਰੀ ਤਰ੍ਹਾਂ (ਸਿਰ ਥੱਲੇ, ਪੈਰ ਉਪਰ) ਪਾਣੀ ਵਿਚ ਡੁੱਬ ਗਿਆ। ਇਹ ਭਾਵ ਦਰਸਾਉਂਦਾ ਹੈ ਕਿ ਬਿਨਾਂ ਸੋਚੇ-ਸਮਝੇ ਕੀਤੀ ਨਕਲ ਪੂਰਤੀ ਪ੍ਰਾਪਤੀ ਦੀ ਚਾਅ ਨੂੰ ਦੁੱਖ ਵਿਚ ਬਦਲ ਸਕਦੀ ਹੈ। (੧੨੨)

ਤੱਤ: ਗੁਰੂ ਅਮਰਦਾਸ ਉਸ ਤੱਥ ਦੀ ਪੁਨਰ-ਪ੍ਰੋੜਤਾ ਕਰਦੇ ਹਨ ਜਿਸ ਬਾਰੇ ਸ਼ੇਖ ਫ਼ਰੀਦ ਦਰਸਾਉਂਦੇ ਹਨ ਕਿ ਅੰਤ ਵਿਚ ਦਿਖਾਵਾ ਨਾਕਾਮ ਹੋ ਜਾਂਦਾ ਹੈ, ਕਿਉਂਕਿ ਇਹ ਸਤਹੀ ਤੌਰ ‘ਤੇ ਜੋ ਦਿਖਾਉਂਦਾ ਹੈ ਉਸ ਨੂੰ ਕਾਇਮ ਨਹੀਂ ਰੱਖ ਪਾਉਂਦਾ। ਸ਼ੁਰੂਆਤੀ ਦੌਰ  ਵਿਚ ਇਹ ਹੋਰਨਾਂ ਨੂੰ ਧੋਖਾ ਤਾਂ ਦੇ ਸਕਦਾ ਹੈ, ਪਰ ਅੰਤਰੀਵੀ ਸੱਚਾਈ ਲਈ ਜਿਸ ਗੰਭੀਰਤਾ ਦੀ ਲੋੜ ਹੁੰਦੀ ਹੈ ਇਹ ਉਸਨੂੰ ਪੂਰਾ ਨਹੀਂ ਕਰ ਪਾਉਂਦਾ। ਸਮੇਂ ਦੇ ਨਾਲ

ਦਿਖਾਵੇ ਅਤੇ ਹਕੀਕਤ ਵਿਚਕਾਰ ਫ਼ਰਕ ਵਧਦਾ ਜਾਂਦਾ ਹੈ, ਜਿਸ ਕਰਕੇ ਇਸ ਝੂਠੇ ਰੂਪ ਨੂੰ ਬਣਾਈ ਰੱਖਣਾ ਔਖਾ ਹੋ ਜਾਂਦਾ ਹੈ। ਜਦੋਂ ਜੀਵਨ ਅਸਲਪਣ ਦੀ ਮੰਗ ਕਰਦਾ ਹੈ, ਤਦੋਂ ਕੋਈ ਵੀ ਬਣਾਵਟੀ ਰੂਪ ਉਸ ਲੋੜ ਨੂੰ ਪੂਰਾ ਨਹੀਂ ਕਰ ਸਕਦਾ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**